## BUDHA DAL PUBLIC SCHOOL PATIALA
## FINAL TERM EXAMINATION (7 March 2025 )
## PUNJABI
## Class – IX (Set – A)

Time Allowed: 3 hours                                                    Maximum Marks: 80

ਆਮ ਨਿਰਦੇਸ਼ :

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਭਾਗ - ੳ (ਪੜ੍ਹਨ-ਕੌਸ਼ਲ)

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : (6×1=6)

ਸਿਦਕ ਅਤੇ ਸਿਰੜ ਦੇ ਪੱਖੋਂ ਇੱਕ ਛੋਟਾ ਜਿਹਾ ਪਿੰਡ 'ਸਾਰਾਗੜ੍ਹੀ' ਇਤਿਹਾਸ ਦੇ ਪੰਨਿਆਂ ਵਿੱਚ ਬੜੀ ਵੱਡੀ ਥਾਂ ਮੱਲੀ ਬੈਠਾ ਹੈ। ਇਹ ਪਿੰਡ ਅਜੋਕੇ ਪਾਕਿਸਤਾਨ ਵਿਚਲੇ ਕੁਹਾਟ ਜ਼ਿਲ੍ਹੇ ਦੀ ਸਰਹੱਦ ਉੱਤੇ ਸੀ, ਜਿੱਥੇ ਛੇ ਹਜ਼ਾਰ ਫੁੱਟ ਦੀ ਉਚਾਈ ਉੱਤੇ ਬਣੀ ਛੋਟੀ ਜਿਹੀ ਗੜ੍ਹੀ ਫ਼ੌਜੀ ਨੁਕਤੇ ਤੋਂ ਬੜੀ ਮਹੱਤਵਪੂਰਨ ਸੀ ਅਤੇ ਅੰਗਰੇਜ਼ਾਂ ਨੇ ਇੱਥੇ ਲੋਹਕਾਰਟ ਅਤੇ ਗੁਲਸਤਾਨ ਦੇ ਕਿਲ੍ਹਿਆਂ ਵਿਚਾਲੇ,ਹੋਣ ਕਰਕੇ ਵਜ਼ੀਰ ਕਬੀਲੇ ਦੇ ਲੜਾਕੇ ਕਬਾਇਲੀਆਂ ਤੇ ਨਜ਼ਰ ਰੱਖਣ ਲਈ ਸਿੱਖ ਰੈਜੀਮੈਂਟ ਦੇ ਸਿਪਾਹੀ ਨਿਯੁਕਤ ਕੀਤੇ ਹੋਏ ਸਨ। ਉਨ੍ਹੀਵੀਂ ਸਦੀ ਦੇ ਮੁੱਕਣ ਤੋਂ ਢਾਈ ਕੁ ਸਾਲ ਪਹਿਲਾਂ ਰਾਤੋ-ਰਾਤ, ਦਸ ਹਜ਼ਾਰ ਕਬਾਇਲੀਆਂ ਨੇ ਇਹ ਗੜ੍ਹੀ ਘੇਰ ਲਈ ਅਤੇ ਗੜ੍ਹੀ ਵਿਚਲੇ ਇਹ ਸਿਪਾਹੀਆਂ ਦਾ ਮੁੱਖ ਰੱਖਿਆ ਦਸਤੇ ਨਾਲੋ ਸੰਪਰਕ ਟੁੱਟ ਗਿਆ। ਉਸ ਸਮੇਂ ਇਹ ਗੜ੍ਹੀ ਹਵਾਲਦਾਰ ਈਸ਼ਰ ਸਿੰਘ ਦੀ ਕਮਾਨ ਵਿੱਚ ਸੀ, ਜਿਸ ਨਾਲ ਇੱਕ ਨਾਇਕ, ਇੱਕ ਲਾਂਸ ਨਾਇਕ ਅਤੇ ਅਠਾਰਾਂ ਹੋਰ ਸਿੱਖ ਸੈਨਿਕ ਸਨ, ਪਰ ਉਹ ਜਿਸ ਸੂਰਬੀਰਤਾ, ਸਿਦਕ ਅਤੇ ਸਿਰੜ ਨਾਲ ਲੜੇ, ਉਹ ਸਿੱਖ ਰੈਜੀਮੈਂਟਾਂ ਲਈ ਇੱਕ ਸਦੀਵੀ ਯਾਦ ਬਣ ਗਈ। ਉਨ੍ਹਾਂ ਇੱਕੀਆਂ ਨੇ ਛੇ ਸੌ ਤੋਂ ਵੱਧ ਵੈਰੀਆਂ ਨੂੰ ਮਾਰ ਕੇ ਚੌਕੀ ਨੂੰ ਬਚਾਈ ਰੱਖਿਆ। ਉਨ੍ਹਾਂ ਦੀ ਬਹਾਦਰੀ ਦੇ ਵਿਸ਼ਵ ਭਰ ਵਿੱਚ ਚਰਚੇ ਹੋਏ, ਬਰਤਾਨਵੀ ਪਾਰਲੀਮੈਂਟ ਵਿੱਚ ਪ੍ਰਸ਼ੰਸਾ ਕੀਤੀ ਗਈ। ਸੂਰਬੀਰਤਾ ਅਤੇ ਦ੍ਰਿੜਤਾ ਦੇ ਪੱਖੋਂ ਯੂਨੇਸਕੋ ਵੱਲੋਂ ਇਸ ਲੜਾਈ ਨੂੰ ਸੰਸਾਰ ਦੀਆਂ ਅੱਠ ਮਹਾਨ ਉਦਾਹਰਨਾਂ ਵਿੱਚ ਗਿਣਿਆ ਗਿਆ ਹੈ। ਸਿੱਖਾਂ ਦੀ ਸੂਰਬੀਰਤਾ ਦੀ ਇਹ ਕਹਾਣੀ ਫ਼ਰਾਂਸ ਦੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ।

(ੳ) ਸਿਦਕ ਤੇ ਸਿਰੜ ਪੱਖੋਂ ਕਿਹੜੇ ਪਿੰਡ ਦੀ ਇਤਿਹਾਸ ਵਿੱਚ ਵਿਸ਼ੇਸ਼ ਪਛਾਣ ਹੈ ?

1) ਸਾਰਾਗੜ੍ਹੀ ਦੀ 2) ਲੋਹਕਾਰਟ ਦੀ 3) ਗੁਲਸਤਾਨ ਦੀ 4) ਫ਼ਰਾਂਸ ਦੀ

(ਅ) ਕਿਲ੍ਹੇ 'ਤੇ ਨਜ਼ਰ ਰੱਖਣ ਲਈ ਸਿੱਖ ਰੈਜੀਮੈਂਟ ਦੇ ਸਿਪਾਹੀ ਕਿਸ ਨੇ ਨਿਯੁਕਤ ਕੀਤੇ ਹੋਏ ਸਨ ?

1) ਭਾਰਤ ਨੇ 2) ਫ਼ਰਾਂਸ ਨੇ 3) ਅੰਗਰੇਜ਼ਾਂ ਨੇ 4) ਪਾਕਿਸਤਾਨ ਨੇ

(ੲ) ਸਾਰਾਗੜ੍ਹੀ ਦੀ ਲੜਾਈ ਨੂੰ ਸੰਸਾਰ ਦੀਆਂ ਕਿੰਨੀਆਂ ਮਹਾਨ ਉਦਾਹਰਨਾਂ ਵਿੱਚ ਗਿਣਿਆ ਗਿਆ ਹੈ ?

1) ਦੋ 2) ਪੰਜ 3) ਛੇ 4) ਅੱਠ

(ਸ) ਸਾਰਾਗੜ੍ਹੀ ਕਿਸ ਦੀ ਕਮਾਨ ਵਿੱਚ ਸੀ ?

1) ਹਵਾਲਦਾਰ ਇਕਬਾਲ ਸਿੰਘ 2) ਹਵਾਲਦਾਰ ਈਸ਼ਰ ਸਿੰਘ 3) ਵਜ਼ੀਰ ਨਾਇਕ ਸਿੰਘ 4) ਲਾਂਸ ਨਾਇਕ ਈਸ਼ਰ ਸਿੰਘ

(ਹ) ਗੜ੍ਹੀ ਨੂੰ ਕਿੰਨੇ ਕਬਾਇਲੀਆਂ ਨੇ ਘੇਰਾ ਪਾਇਆ ਹੋਇਆ ਸੀ ?

1) ਛੇ ਸੌ 2) ਇੱਕੀ 3) ਪੰਜ ਸੌ 4) ਦਸ ਹਜ਼ਾਰ

(ਕ) ਸਿੱਖਾਂ ਦੀ ਸੂਰਬੀਰਤਾ ਦੀ ਇਹ ਕਹਾਣੀ ਕਿਹੜੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ ?

1) ਪੰਜਾਬ ਦੇ 2) ਫ਼ਰਾਂਸ ਦੇ 3) ਭਾਰਤ ਦੇ 4) ਪਾਕਿਸਤਾਨ ਦੇ

2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : (4×1=4)

ਵਿੱਦਿਆ ਤਾਂ ਪਰਉਪਕਾਰੀ ਏ, ਹਮੇਸ਼ਾਂ ਭਲਾ ਕਮਾਉਂਦੀ ਏ,

ਬੰਦਾ ਜੋ ਪਸ਼ੂ ਬਰਾਬਰ ਏ, ਉਸਨੂੰ ਇਨਸਾਨ ਬਣਾਉਂਦੀ ਏ।

ਵਿੱਦਿਆ ਇੱਕ ਐਸਾ ਚਾਨਣ ਏ, ਜੋ ਮਨ ਦੇ ਅੰਦਰ ਜਗਦਾ ਏ,

ਇਸ ਬਿਨਾਂ ਚੁਫੇਰੇ ਦੁਨੀਆ ਵਿੱਚ, ਬਸ ਹਨ੍ਹੇਰਾ ਜਿਹਾ ਲਗਦਾ ਏ।

(ੳ) ਵਿੱਦਿਆ ਨੂੰ ਕੀ ਕਿਹਾ ਗਿਆ ਹੈ ?

(ਅ) ਵਿੱਦਿਆ ਤੋਂ ਬਿਨਾਂ ਮਨੁੱਖ ਕਿਹੋ ਜਿਹਾ ਹੈ ?

(ੲ) ਵਿੱਦਿਆ ਕਿਹੋ ਜਿਹਾ ਚਾਨਣ ਹੈ ਤੇ ਇਹ ਕਿੱਥੇ ਜਗਦਾ ਹੈ ?

(ਸ) ਵਿੱਦਿਆ ਮਨੁੱਖ ਨੂੰ ਕੀ ਬਣਾਉਂਦੀ ਹੈ ?

## ਭਾਗ - ਅ (ਵਿਆਕਰਨ)

2. ਵਿਰੋਧੀ ਸ਼ਬਦ (ਕੋਈ ਦੋ ਕਰੋ) : (2×1=2)

(ੳ) ਹੇਠ ਲਿਖੇ ਵਿਕਲਪਾਂ ਵਿੱਚੋ ਸਹੀ ਵਿਰੋਧੀ ਜੋੜਾ ਚੁਣੋ :

1) ਅਡੋਲ/ ਡੋਲਣਾ 2) ਹਨੇਰਾ/ ਰਾਤ 3) ਦੂਰ/ ਅੱਗੇ 4) ਸੂਰਜ/ਚਾਨਣ

(ਅ) 'ਸੰਗਾਊ' ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ ?

1) ਸ਼ਰਮੀਲਾ 2) ਡਰਨਾ 3) ਨਿਝੱਕ 4) ਸੰਗਣਾ

(ੲ) ਨਿਰਮਲ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ ?

1) ਪਵਿੱਤਰ 2) ਸੁੰਦਰ 3) ਸਾਫ਼ 4) ਮੈਲਾ

4. ਲਿੰਗ ਬਦਲੋ ( ਕੋਈ ਦੋ ਕਰੋ) : (2×1=2)

(ੳ) ਹੇਠ ਲਿਖੇ ਸ਼ਬਦਾਂ ਵਿੱਚੋ ਕਿਹੜਾ ਸ਼ਬਦਾ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?

1) ਬੱਕਰੀ 2) ਬਿੱਲਾ 3) ਕਸ਼ਮੀਰੀ 4) ਅਖ਼ਬਾਰ

(ਅ) ਹੇਠ ਲਿਖੇ ਸ਼ਬਦਾਂ ਵਿੱਚੋ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

1) ਲੋਹਾ 2) ਠੇਕੇਦਾਰ 3) ਮੋਰ 4) ਵਪਾਰੀ

(ੲ) ਖੱਤਰੀ ਸ਼ਬਦ ਦਾ ਇਸਤਰੀ ਲਿੰਗ ਚੁਣੋ :

1) ਖਤਰਾਇਣ 2) ਖਤਰਾਣੀ 3) ਖਤਰਾਨੀ 4) ਖਤਰਨੀ

5. ਵਿਸਮਿਕ (ਕੋਈ ਦੋ ਕਰੋ) : (2×1=2)

(ੳ) 'ਰੱਬ ਭਲਾ ਕਰੇ' ਸ਼ਬਦ ਕਿਹੜਾ ਵਿਸਮਿਕ ਹੈ ?

1) ਸ਼ੋਕ ਵਾਚਕ 2) ਸੂਚਨਾ ਵਾਚਕ 3) ਇੱਛਾ ਵਾਚਕ 4) ਅਸੀਸ ਵਾਚਕ

(ਅ) ਕਾਕਾ ! ਇੱਥੇ ਕੀ ਕਰ ਰਿਹਾ ਏਂ ? ਵਾਕ ਵਿੱਚ 'ਕਾਕਾ' ਕਿਹੜਾ ਵਿਸਮਿਕ ਹੈ?

1) ਹੈਰਾਨੀ ਵਾਚਕ 2) ਅਸੀਸ ਵਾਚਕ 3) ਇੱਛਾ ਵਾਚਕ 4) ਸੰਬੋਧਨੀ ਵਾਚਕ

(ੲ)ਵਿਸਮਿਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

1) ਨੌ 2) ਚਾਰ 3) ਪੰਜ 4) ਅੱਠ

A-2

6. ਸ਼ਬਦ ਸ਼ੁੱਧੀ (ਕੋਈ ਚਾਰ ਕਰੋ) : (4×½ =2)

ਹੇਠ ਲਿਖੇ ਅਸ਼ੁੱਧ ਸ਼ਬਦ ਜੋੜਾਂ ਨੂੰ ਸ਼ੁੱਧ ਕਰਕੇ ਲਿਖੋ।

(ੳ) ਨਿਰਭਯ (ਅ) ਅੰਨਾ (ੲ) ਗਰੰਥ (ਸ) ਕੈਹਣਾ (ਹ) ਜੈਦਾਦ

7. ਕਿਰਿਆ (ਕੋਈ ਦੋ ਕਰੋ) : (2×1=2)

(ੳ) ਕਿਰਿਆ ਦੀ ਪਰਿਭਾਸ਼ਾ ਲਿਖੋ।

(ਅ) ਹਰਮੀਤ ਨਾਵਲ ਪੜ੍ਹ ਰਿਹਾ ਹੈ। ਵਾਕ ਵਿੱਚ ਕਿਹੜੀ ਕਿਰਿਆ ਦੀ ਵਰਤੋਂ ਹੋਈ ਹੈ?

(ੲ) ਜਿਸ ਵਾਕ ਵਿੱਚ ਕਿਰਿਆ ਦਾ ਕਰਮ ਨਾ ਹੋਵੇ, ਉਸ ਕਿਰਿਆ ਨੂੰ ਕੀ ਕਹਿੰਦੇ ਹਨ?

**8. ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :**

(ੳ) ਇੱਲ ਦਾ ਨਾਂ ਕੋਕੋ ਨਾ ਆਉਣਾ (ਅ)ਸਿਰ 'ਤੇ ਹੱਥ ਰੱਖਣਾ (ੲ)ਹੱਥੋ-ਹੱਥੀ ਲੱਗ ਜਾਣਾ (2×1=2)

## ਭਾਗ - ੲ (ਪ੍ਰਭਾਂਵਸ਼ਾਲੀ ਲਿਖਣ ਕੌਸ਼ਲ)

**9. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ। (8)**

**(ੳ) ਸੰਗਤ ਦੀ ਰੰਗਤ**

ਨੁਕਤੇ : ਜਾਣ-ਪਛਾਣ, ਮਨੁੱਖ ਅਤੇ ਉਸ ਦੀ ਸੰਗਤ, ਪਦਾਰਥਕ ਰੁਚੀਆਂ ਦਾ ਗੁਲਾਮ ਮਨੁੱਖ, ਚੰਗੀ ਸੰਗਤ ਵਾਲੇ ਵਡਭਾਗੀ ਹੁੰਦੇ ਹਨ, ਚੰਗੀ ਸੰਗਤ ਸੋਭਾ ਦਾ ਕਾਰਨ ਬਣਦੀ ਹੈ, ਬੁਰੀ ਸੰਗਤ ਦੇ ਪ੍ਰਭਾਵ, ਮਨੁੱਖੀ ਚੇਤੰਨਤਾ ਦੀ ਲੋੜ, ਸਿੱਟਾ।

**(ਅ) ਮਨਿ ਜੀਤੈ ਜਗੁ ਜੀਤੁ**

ਨੁਕਤੇ : ਜਾਣ-ਪਛਾਣ, ਮਨ ਕੀ ਹੈ, ਮਨ ਦੀ ਚੰਚਲਤਾ, ਮਨ ਤੇ ਕਾਬੂ ਪਾਉਣ ਦੀ ਲੋੜ, ਤ੍ਰਿਸ਼ਨਾਵਾਂ ਦਾ ਤਿਆਗ, ਹਿੰਸਾ ਨਾਲ ਜੱਗ ਨਹੀਂ ਜਿੱਤਿਆ ਜਾ ਸਕਦਾ, ਮਨ ਤੇ ਕਾਬੂ ਪਾਉਣ ਦੇ ਲਾਭ, ਸਿੱਟਾ।

**(ੲ) ਫਾਸਟ ਫੂਡ ਦੇ ਨੁਕਸਾਨ**

ਨੁਕਤੇ : ਜਾਣ-ਪਛਾਣ, ਤਰ੍ਹਾਂ-ਤਰ੍ਹਾਂ ਦੇ ਫਾਸਟ ਫੂਡ, ਫਾਸਟ ਫੂਡ ਦੇ ਲਾਭ, ਫਾਸਟ ਫੂਡ ਦੇ ਨੁਕਸਾਨ, ਫਾਸਟ ਫੂਡ ਦੀ ਵਰਤੋਂ, ਸਿੱਟਾ।

**10. ਹੇਠ ਲਿਖੇ ਨੁਕਤਿਆਂ ਦੇ ਅਧਾਰ 'ਤੇ ਕੋਈ ਇੱਕ ਪੱਤਰ ਲਿਖੋ : (6)**

(ੳ) ਤੁਹਾਡੇ ਮਿੱਤਰ ਦੇ ਮਾਤਾ ਜੀ ਅਚਾਨਕ ਸਵਰਗਵਾਸ ਹੋ ਗਏ ਹਨ। ਆਪਣੇ ਮਿੱਤਰ ਨੂੰ ਅਫ਼ਸੋਸ ਕਰਦਿਆਂ ਇੱਕ ਹੌਸਲੇ ਭਰਿਆ ਪੱਤਰ ਲਿਖੋ।

ਨੁਕਤੇ : ਗੁਆਂਢੀ ਦੋਸਤ ਤੋਂ ਪਤਾ ਲੱਗਣਾ......ਅਚਾਨਕ ਹੋਈ ਮੌਤ ਤੇ ਅਸਹਿ ਸਦਮਾ.....ਮਾਤਾ ਜੀ ਦੇ ਨੇਕ ਵਿਚਾਰ ਤੇ ਉਨ੍ਹਾਂ ਦੀਆਂ ਦੋਸਤ ਪ੍ਰਤੀ ਆਸਾਂ.......ਪਰਮਾਤਮਾ ਦੇ ਭਾਣੇ ਨੂੰ ਮੰਨਣ ਲਈ ਹੌਸਲਾ ਦੇਣਾ।

ਜਾਂ

(ਅ) ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਪੀਣ ਵਾਲੇ ਪਾਣੀ ਨੂੰ ਸਾਫ਼ ਰੱਖਣ ਲਈ ਪਾਣੀ ਦੀਆਂ ਟੈਂਕੀਆਂ ਸਾਫ਼ ਕਰਵਾਉਣ ਲਈ ਬਿਨੈ-ਪੱਤਰ ਲਿਖੋ।

ਨੁਕਤੇ : ਵਾਟਰ ਕੂਲਰ ਤੋਂ ਪਾਣੀ ਪੀਣਾ.....ਪਾਣੀ ਦਾ ਰੰਗ ਬਦਲਿਆ ਹੋਣਾ.....ਮੁਸ਼ਕ ਆਉਣੀ.....ਟੈਂਕੀ ਸਾਫ਼ ਕਰਾਉਣੀ....ਗੰਧਲੇ ਪਾਣੀ ਦੇ ਨੁਕਸਾਨ।

11. ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)



ਭਾਗ - ਸ (ਪਾਠ ਪੁਸਤਕਾਂ ਤੇ ਅਧਾਰਿਤ)

12. ਕਹਾਣੀ ਤੇ ਵਾਰਤਕ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) : (5×1=5)

(ੳ) ਜੁਗਲ ਪ੍ਰਸਾਦ ਨੇ ਜੋਤੀ ਦੇ ਦਾਖਲੇ ਲਈ ਕਿੰਨੇ ਰੁਪਇਆਂ ਦਾ ਪ੍ਰਬੰਧ ਕੀਤਾ ?

1) ਪੰਜ 2) ਪੰਜਾਹ 3) ਚਾਲੀ 4) ਸੌ

(ਅ) ਕਪੂਰ ਸਿੰਘ ਨੇ ਕਿੰਨੇ ਓਿੱਘੇ ਜ਼ਮੀਨ ਬੈ ਧਰੀ ?

1) ਦਸ 2) ਅੱਠ 3) ਦੋ 4) ਚਾਰ

(ੲ) ਕੰਡਕਟਰ ਦੀ ਭੈਣ ਡਾਕਟਰੀ ਕਿੱਥੇ ਪੜ੍ਹਦੀ ਸੀ ?

1) ਸਰਗੋਧਾ 2) ਝੰਗ 3) ਭੇਰਾ 4) ਲਾਹੌਰ

(ਸ) ਕੋਈ ਗੁਨਾਹ ਕਰਨ ਤੇ ਬੰਦੇ ਦੇ ਮਨ ਤੇ ਕੀ ਰਹਿੰਦਾ ਹੈ ?

1) ਬੋਝ 2) ਪਿਆਰ 3) ਸਬਰ 4) ਸੰਤੋਖ

(ਹ) ਬੇਬੇ ਪਾਣੀ ਭਰਨ ਲਈ ਕਿੱਥੇ ਜਾਂਦੀ ਹੁੰਦੀ ਸੀ ?

1) ਟਿਊਬਵੈੱਲ ਤੇ 2) ਦਰਿਆ ਤੇ 3) ਨਹਿਰ ਤੇ 4) ਖੂਹ ਤੇ

(ਕ) ਤਾਏ ਨੇ ਲੇਖਕ ਨੂੰ ਕਿਹੜੇ ਹਕੀਮ ਦਾ ਚੇਲਾ ਕਹਿ ਕੇ ਸੰਬੋਧਨ ਕੀਤਾ ?

1) ਕਰਤਾਰ ਚੰਦ ਦਾ 2) ਮਨਸਾ ਰਾਮ ਦਾ 3) ਮਿਲਖੀ ਰਾਮ ਦਾ 4) ਪਿਆਰਾ ਸਿੰਘ ਦਾ

13. ਕਵਿਤਾ ਤੇ ਇਕਾਂਗੀ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) : (5×1=5)

(ੳ) ਨੱਥ ਔਰਤ ਦੇ ਕਿਸ ਅੰਗ ਦਾ ਗਹਿਣਾ ਹੁੰਦਾ ਹੈ ?

1) ਗਲ ਦਾ 2) ਨੱਕ ਦਾ 3) ਕੰਨ ਦਾ 4) ਉਂਗਲਾਂ ਦਾ

(ਅ) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਜੱਗ ਉੱਤੇ ਕਿਸ ਦੀ ਨਿਗਾਹ ਸਵੱਲੀ ਹੈ ?

1) ਕਿਸਾਨ ਦੀ 2) ਪਰਮਾਤਮਾ ਦੀ 3) ਨੌਜਵਾਨ ਦੀ (ਸ) ਕਵੀ ਦੀ

(ੲ) ਨਵੀਂ ਤਹਿਜ਼ੀਬ ਕਿਸ ਦੀ ਛਾਤੀ ਦੇ ਮੂੰਗ ਦਲਦੀ ਹੈ ?

1) ਅਮੀਰਾਂ ਦੀ 2) ਕਿਰਤੀਆਂ ਦੀ 3) ਲਾਲਿਆਂ ਦੀ 4) ਨੇਤਾਵਾਂ ਦੀ

(ਸ) ਮਦਨ ਤੇ ਉਸਦੇ ਸਾਥੀ ਨੇ ਕਿੰਨੇ ਰੁਪਇਆਂ ਦਾ ਗਬਨ ਕੀਤਾ ਸੀ ?

1) ਅਠਤਾਲੀ ਹਜ਼ਾਰ 2) ਨੱਬੇ ਹਜ਼ਾਰ 3) ਅਠਵੰਜਾ ਹਜ਼ਾਰ 4) ਇਨ੍ਹਾਂ ਵਿੱਚੋਂ ਕੋਈ ਨਹੀਂ

(ਹ) ਸੁਪਨੇ ਵਿੱਚ ਦਾਦੀ ਨਾਲ ਪੋਤਰਿਆਂ ਨੂੰ ਲੈ ਕੇ ਕੌਣ ਲੜ ਪਿਆ ?

1) ਮੁਗਲ 2) ਵਜ਼ੀਰ ਖਾਨ 3) ਹੋਣੀ 4) ਕੋਈ ਵੀ ਨਹੀਂ

(ਕ) ਸਿਰਜਣਾ ਨੂੰ ਸਕੈਨਿੰਗ ਲਈ ਕੌਣ ਲੈ ਕੇ ਜਾਂਦਾ ਹੈ ?

1) ਬੀਜੀ 2) ਕੁਲਦੀਪ 3) ਨਰਸ 4) ਇਨ੍ਹਾਂ ਵਿੱਚੋਂ ਕੋਈ ਨਹੀਂ

**14. ਕਹਾਣੀ ਤੇ ਵਾਰਤਕ ਵਿੱਚੋਂ ਇੱਕ ਸਤਰ ਵਾਲੇ ਪ੍ਰਸ਼ਨ (ਕੋਈ ਚਾਰ ਕਰੋ) : (4×1=4)**

(ੳ) ਦਰਬਾਰਾ ਕਪੂਰ ਸਿੰਘ ਨਾਲ ਕਿਸ ਦੇ ਵਿਆਹ ਦੀ ਗੱਲ ਕਰਦਾ ਹੈ ?

(ਅ) ਨਾਭੇ ਤੋਂ ਪਟਿਆਲੇ ਦਾ ਬੱਸ ਭਾੜਾ ਕਿੰਨਾ ਸੀ ?

(ੲ) ਚੌਧਰੀ ਗੁਲਾਮ ਮੁਹੰਮਦ ਲੇਖਕ ਦਾ ਕੀ ਲੱਗਦਾ ਸੀ ?

(ਸ) ਵਹਿਮੀ ਤਾਇਆ ਲੇਖ ਕਿਸ ਲੇਖਕ ਦੀ ਰਚਨਾ ਹੈ ?

(ਹ) ਬੇਬੇ ਦਾ ਵਿਆਹ ਕਿੰਨੀ ਉਮਰ ਵਿੱਚ ਹੋਇਆ ਸੀ ?

**15. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ: (7×2=14)**

(ੳ) ਤਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ ?

(ਅ) ਸਰਪੰਚ ਦੇ ਖੰਘੂਰੇ ਦਾ ਦਰਬਾਰੇ ਤੇ ਕੀ ਅਸਰ ਹੋਇਆ ?

(ੲ) ਚੈੱਕਰ ਦੇ ਆਉਣ ਤੇ ਪਾਲੀ ਕੀ-ਕੀ ਸੋਚਣ ਲੱਗੀ ?

(ਸ) ਮਦਨ ਮਾਸੀ ਨੂੰ ਪੁਲਿਸ ਤੋਂ ਡਰਨ ਦਾ ਕੀ ਕਾਰਨ ਦੱਸਦਾ ਹੈ ?

(ਹ) ਮਾਸੀ ਕੌਣ ਹੈ ਤੇ ਉਹ ਬੀਜੀ ਨਾਲ ਤਲਖੀ ਨਾਲ ਗੱਲ ਕਿਉਂ ਕਰਦੀ ਹੈ ?

(ਕ) ਭੇਰੇ ਸ਼ਹਿਰ ਵਿੱਚ ਖੁਖਰਾਨ ਬਰਾਦਰੀ ਵਾਲਿਆਂ ਦੇ ਕਿਹੜੇ-ਕਿਹੜੇ ਮੁਹੱਲੇ ਸਨ ?

(ਖ) ਸਾਡੇ ਵੱਡੇ-ਵਡੇਰਿਆਂ ਨੇ ਖੁਸ਼ੀਆਂ ਨੂੰ ਸੱਦਾ ਦੇਣ ਲਈ ਕੀ ਕੀਤਾ ਹੈ ?

(ਗ) ਬੇਬੇ ਲੇਖਕ ਦੀ ਮਾਮੀ ਬਾਰੇ ਕੀ ਦੱਸਦੀ ਸੀ ?

**16. ਕਵਿਤਾ ਤੇ ਵਾਰਤਕ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ: (4×2=8)**

(ੳ) ਮਾਤਾ ਗੁਜਰੀ ਜੀ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਕਵੀ ਨੇ ਵਿਸਾਖੀ ਦੇ ਮੇਲੇ ਦਾ ਕਿਹੋ ਜਿਹਾ ਦ੍ਰਿਸ਼ ਚਿਤਰਿਆ ਹੈ ?

(ਅ) ਲੇਖਕ ਦੇ ਘਰ ਦੀ ਲਿੰਪਾ-ਪੋਚੀ ਅਤੇ ਸਜਾਵਟ ਦਾ ਕੰਮ ਕਿਵੇਂ ਕੀਤਾ ਜਾਂਦਾ ਸੀ ?

**ਜਾਂ**

ਵਹਿਮੀ ਤਾਇਆ ਲੇਖ ਦਾ ਉਦੇਸ਼ ਕੀ ਹੈ? ਢੁਕਵਾਂ ਉੱਤਰ ਦਿਓ।

**17. ਇਕਾਂਗੀ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ: (4×1=4)**

(ੳ) ਸਿਰਜਣਾ ਇਕਾਂਗੀ ਵਿੱਚੋਂ ' ਬੀਜੀ' ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਕਿਸ਼ੋਰ ਸਾਧੂਆਂ ਨਾਲ ਕਿਹੋ ਜਿਹਾ ਵਰਤਾਓ ਕਰਦਾ ਹੈ ਤੇ ਹਰੀ ਚੰਦ ਤੇ ਰਾਮ ਪਿਆਰੀ ਨੂੰ ਉਨ੍ਹਾਂ ਬਾਰੇ ਕੀ ਦੱਸਦਾ ਹੈ ?

\

# BUDHA DAL PUBLIC SCHOOL PATIALA
## FINAL TERM EXAMINATION (7 March 2025)
## PUNJABI
## Class – IX (Set – B)

Time Allowed: 3 hours — Maximum Marks: 80

ਆਮ ਨਿਰਦੇਸ਼ :

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਭਾਗ - ੳ (ਪੜ੍ਹਨ-ਕੌਸ਼ਲ)

**1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : (6×1=6)**

ਗੱਲਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵੱਲੋਂ ਬਖਸ਼ਿਆ ਇੱਕ ਵਰਦਾਨ ਹੈ ਅਤੇ ਜਾਨਵਰ ਜਗਤ ਵਿੱਚੋਂ ਤੋਹਫ਼ਾ ਮਨੁੱਖ ਦੇ ਹਿੱਸੇ ਹੀ ਆਇਆ ਹੈ। ਉਂਝ, ਜਾਨਵਰ ਵੀ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ। ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨਾ ਜ਼ਿੰਦਗੀ ਦਾ ਇੱਕ ਅਟੁੱਟ ਅੰਗ ਹੈ। ਆਪਸੀ ਗੱਲਬਾਤ ਕਰਨ ਤੋਂ ਬਿਨਾਂ ਜ਼ਿੰਦਗੀ ਖੜ੍ਹੇ ਪਾਣੀ ਵਾਂਗ ਹੈ। ਤੁਸੀਂ ਕਿਵੇਂ ਗੱਲਬਾਤ ਕਰਦੇ ਹੋ, ਭਾਵ ਤੁਹਾਡਾ ਗੱਲ ਕਰਨ ਦਾ ਅੰਦਾਜ਼ ਤੇ ਲਹਿਜ਼ਾ ਕਿਹੋ ਜਿਹਾ ਹੈ, ਇਸ ਦੇ ਤੁਹਾਡੇ ਸਮਾਜ ਤੇ ਜੀਵਨ ਤੇ ਸਿੱਧਾ ਪ੍ਰਭਾਵ ਪੈਂਦਾ ਹੈ, ਕਿਉਂਕਿ ਬੋਲ-ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਤੁਹਾਡੀਆਂ ਸਫ਼ਲਤਾਵਾਂ ਤੇ ਅਸਫ਼ਲਤਾਵਾਂ ਦਾ ਤੁਹਾਡੀ ਬੋਲ-ਬਾਣੀ ਨਾਲ ਸਿੱਧਾ ਸੰਬੰਧ ਹੈ। ਗੱਲਬਾਤ ਰਾਹੀਂ ਕਈ ਸਮੱਸਿਆਵਾਂ ਹੱਲ ਹੁੰਦੀਆਂ ਹਨ ਅਤੇ ਸਭ ਤੋਂ ਵੱਧ ਦਿਮਾਗੀ ਭਾਰ ਹੌਲਾ ਹੁੰਦਾ ਹੈ। ਇਹੋ ਕਾਰਨ ਹੈ ਕਿ ਵਿਚਾਰਾਂ ਦੇ ਲੈਣ-ਦੇਣ ਨਾਲ ਮਨੁੱਖ ਆਪਣੇ-ਆਪ ਨੂੰ ਹਲਕਾ ਮਹਿਸੂਸ ਕਰਦਾ ਹੈ। ਮਨੋਵਿਗਿਆਨ ਦੱਸਦਾ ਹੈ ਕਿ ਇੱਕ ਦੂਜੇ ਕੋਲ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ ਮਾਨਸਿਕ ਤਣਾਅ ਤੋਂ ਰਾਹਤ ਮਿਲਦੀ ਹੈ, ਕਿਉਂਕਿ ਇਸ ਨਾਲ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁੱਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ। ਮਨੋਵਿਗਿਆਨ ਇਹ ਵੀ ਦੱਸਦਾ ਹੈ ਕਿ ਵਧੇਰੇ ਚੁੱਪ ਰਹਿਣ ਵਾਲਾ ਵਿਅਕਤੀ ਆਮ ਤੌਰ 'ਤੇ ਕਿਸੇ ਮਾਨਸਿਕ ਉਲਝਣ ਦਾ ਸ਼ਿਕਾਰ ਹੁੰਦਾ ਹੈ। ਅਜਿਹਾ ਵਿਅਕਤੀ ਸੁਭਾਵਕ ਹੀ ਆਪਣੇ ਆਲੇ-ਦੁਆਲੇ ਵਿਆਕੁਲ ਕਰਨ ਵਾਲੀ ਚੁੱਪ ਦਾ ਮਾਹੌਲ ਪੈਦਾ ਕਰਦਾ ਹੈ, ਜਦੋਂ ਕਿ ਚੰਗੀ ਗੱਲਬਾਤ ਕਰਨ ਦੇ ਸਲੀਕੇ ਤੋਂ ਵਾਕਫ਼ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਚੁੰਬਕੀ ਖਿੱਚ ਹੁੰਦੀ ਹੈ ਅਤੇ ਉਹ ਆਪਣੇ ਆਲੇ-ਦੁਆਲੇ ਤੀਆਂ ਵਰਗੀਆਂ ਖੁਸ਼ੀਆਂ ਖਿਲਾਰਦਾ ਹੈ।

(ੳ) ਗੱਲਬਾਤ ਕਰ ਸਕਣ ਦੀ ਯੋਗਤਾ ਦਾ ਵਰਦਾਨ ਮਨੁੱਖਾਂ ਨੂੰ ਕਿੱਥੋਂ ਮਿਲਿਆ ਹੈ?

1) ਕੁਦਰਤ ਤੋਂ 2) ਸਮਾਜ ਤੋਂ 3) ਕਿਤਾਬਾਂ ਤੋਂ 4) ਰਾਜਨੀਤੀ ਤੋਂ

(ਅ) ਆਪਸੀ ਗੱਲਬਾਤ ਕਰਨ ਤੋਂ ਬਿਨਾਂ ਜ਼ਿੰਦਗੀ ਕਿਹੋ ਜਿਹੀ ਹੈ ?

1) ਖੁਸ਼ਹਾਲ 2) ਖੜ੍ਹੇ ਪਾਣੀ ਵਰਗੀ 3) ਰੰਗੀਨ 4) ਉਦਾਸ ਤੇ ਭਾਵੁਕ

(ੲ) ਤੁਹਾਡਾ ਪੂਰਾ ਆਪਾ ਕਿਸ ਤਰ੍ਹਾਂ ਉਘੜਦਾ ਹੈ ?

1) ਬੋਲ-ਬਾਣੀ ਰਾਹੀਂ 2) ਪਹਿਰਾਵੇ ਰਾਹੀਂ 3) ਅਮੀਰੀ ਰਾਹੀਂ 4) ਵਿੱਦਿਆ ਰਾਹੀਂ

B-1

(ਸ) ਇੱਕ-ਦੂਜੇ ਕੋਲ ਮਨ ਦੀ ਗੁੱਥੀ ਖੋਲ੍ਹਣ ਨਾਲ ਕਿਸ ਤੋਂ ਰਾਹਤ ਮਿਲਦੀ ਹੈ ?

1) ਕਰਜ਼ੇ ਤੋਂ 2) ਤਣਾਅ ਤੋਂ 3) ਮੇਲ-ਮਿਲਾਪ ਤੋਂ 4) ਡਰ ਤੋਂ

(ਹ) 'ਤੀਆਂ' ਕੀ ਹੁੰਦੀਆਂ ਹਨ ?

1) ਤਿਉਹਾਰ 2) ਗੁਰਪੁਰਬ 3) ਵਿਆਹ 4) ਖੁਸ਼ੀਆਂ

(ਕ) ਆਮ ਤੌਰ ਤੇ ਵਧੇਰੇ ਚੁੱਪ ਰਹਿਣ ਵਾਲਾ ਵਿਅਕਤੀ ਕਿਸ ਦਾ ਸ਼ਿਕਾਰ ਹੁੰਦਾ ਹੈ ?

1) ਮਾਨਸਿਕ ਉਲਝਣਾਂ ਦਾ 2) ਕਰਜ਼ੇ ਦਾ 3) ਡਰ ਦਾ 4) ਰੋਗਾਂ ਦਾ

**2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** **(4×1=4)**

ਕੁਝ ਲੋਕ ਬਾਗ ਨੂੰ ਉਜਾੜਣੇ ਦੀ ਸੋਚਦੇ ਨੇ,
ਸੂਹੇ ਫੁੱਲ ਅੱਗ ਵਿਚ ਸਾੜਨੇ ਦੀ ਲੋਚਦੇ ਨੇ।
ਕਿਸੇ ਵੀ ਸ਼ਰਾਰਤੀ ਦੀ ਮੰਨੀਏ ਨਾ ਗੱਲ ਕੋਈ,
ਫੁੱਟ ਪਾਉਣ ਵਾਲਿਆਂ ਨੂੰ ਦੂਰੋਂ ਫਿਟਕਾਰੀਏ।
ਹੌਸਲੇ ਤੋਂ ਕੰਮ ਲਈਏ ਹਿੰਮਤਾਂ ਨਾ ਹਾਰੀਏ,
ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਉਤਾਰੀਏ।

(ੳ) ਸ਼ਰਾਰਤੀ ਲੋਕਾਂ ਦੀ ਕਿਹੋ ਜਿਹੀ ਸੋਚ ਦਾ ਜ਼ਿਕਰ ਕੀਤਾ ਗਿਆ ਹੈ ?

(ਅ) ਕਿਨ੍ਹਾਂ ਨੂੰ ਦੂਰੋਂ ਫਿਟਕਾਰਨ ਬਾਰੇ ਦੱਸਿਆ ਗਿਆ ਹੈ ?

(ੲ) ਕਾਵਿ-ਸਤਰਾਂ ਦੇ ਅਖੀਰ ਵਿੱਚ ਕੀ ਸੁਨੇਹਾ ਦਿੱਤਾ ਗਿਆ ਹੈ ?

(ਸ) ਕਾਵਿ-ਟੋਟੇ 'ਚ ਬਾਗ ਤੋਂ ਕੀ ਭਾਵ ਹੈ ?

## ਭਾਗ - ਅ (ਵਿਆਕਰਨ)

**3) ਵਿਰੋਧੀ ਸ਼ਬਦ (ਕੋਈ ਦੋ ਕਰੋ) :** **(2×1=2)**

(ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ :

1) ਆਕੜ/ਨਿਮਰਤਾ 2) ਅੰਤ/ ਅਖੀਰ 3) ਗੁਰੂ/ ਸੰਤ 4) ਕੋਸਾ/ਨਿੱਘਾ

(ਅ) ਸਹਿਮਤੀ ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ ?

1) ਮਿਲਣਾ 2) ਰਜ਼ਾਮੰਦੀ 3) ਮੱਤਭੇਦ 4) ਪ੍ਰਤੱਖ

(ੲ) ਪੱਖਪਾਤੀ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ ?

1) ਭਲਾਮਾਣਸ 2) ਧੀਰਜਵਾਨ 3) ਉੱਦਮੀ 4) ਨਿਰਪੱਖ

**4. ਲਿੰਗ ਬਦਲੋ ( ਕੋਈ ਦੋ ਕਰੋ) :** **(2×1=2)**

(ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦਾ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?

1) ਬੱਦਲ 2) ਸੇਵਕ 3) ਸਾਈਕਲ 4) ਖੰਭ

(ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

1) ਚਾਂਦੀ 2) ਹਿੰਦੂ 3) ਸਪੇਰਾ 4) ਧੋਬੀ

(ੲ)ਪੇਂਡੂ ਸ਼ਬਦ ਦਾ ਇਸਤਰੀ ਲਿੰਗ ਚੁਣੋ :

1) ਪੇਂਡਾਇਣ 2) ਪੇਂਡਣ 3) ਪੇਂਡੂਆਣੀ 4) ਪੇਂਡਨ

5. ਵਿਸਮਿਕ (ਕੋਈ ਦੋ ਕਰੋ) : (2×1=2)

(ੳ) ਕਿਸੇ ਨੂੰ ਬੁਲਾਉਣ ਵਾਲੇ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹੁੰਦੇ ਹਨ ?

1) ਸੰਬੋਧਨੀ ਵਾਚਕ 2) ਇੱਛਾ ਵਾਚਕ 3) ਅਸੀਸ ਵਾਚਕ 4) ਸਤਿਕਾਰ ਵਾਚਕ

(ਅ) ਹੇ ਦਾਤਾ ! ਮੈਨੂੰ ਮਿਹਨਤ ਕਰਨ ਦਾ ਬਲ ਬਖ਼ਸ਼। ਵਾਕ ਵਿੱਚ 'ਹੇ ਦਾਤਾ' ਕਿਹੜਾ ਵਿਸਮਿਕ ਹੈ?

1) ਸਤਿਕਾਰ ਵਾਚਕ 2) ਅਸੀਸ ਵਾਚਕ 3) ਇੱਛਾ ਵਾਚਕ 4) ਪ੍ਰਸੰਸਾ ਵਾਚਕ

(ੲ) 'ਅੱਛਾ' ਸ਼ਬਦ ਕਿਸ ਪ੍ਰਕਾਰ ਦਾ ਵਿਸਮਿਕ ਹੈ ?

1) ਸੰਬੋਧਨੀ ਵਾਚਕ 2) ਸੂਚਨਾ ਵਾਚਕ 3) ਸ਼ੋਕ ਵਾਚਕ 4) ਹੈਰਾਨੀ ਵਾਚਕ

6. ਸ਼ਬਦ ਸ਼ੁੱਧੀ (ਕੋਈ ਚਾਰ ਕਰੋ) : (4×½ =2)

ਹੇਠ ਲਿਖੇ ਅਸ਼ੁੱਧ ਸ਼ਬਦ ਜੋੜਾਂ ਨੂੰ ਸ਼ੁੱਧ ਕਰਕੇ ਲਿਖੋ।

(ੳ) ਦਯਾ (ਅ) ਆਲਣਾ (ੲ) ਪਰਕਾਸ਼ (ਸ) ਗੈਹਣਾ (ਹ) ਨਲੈਕ

7. ਕਿਰਿਆ (ਕੋਈ ਦੋ ਕਰੋ) : (2×1=2)

(ੳ) ਕਿਰਿਆ ਦੀ ਪਰਿਭਾਸ਼ਾ ਲਿਖੋ।

(ਅ) ਕੁੜੀਆਂ ਪੜ੍ਹਦੀਆਂ ਹਨ। ਵਾਕ ਵਿੱਚ ਕਿਸ ਪ੍ਰਕਾਰ ਦੀ ਕਿਰਿਆ ਹੈ?

(ੲ) ਜਿਸ ਵਾਕ ਵਿੱਚ ਕਿਰਿਆ ਦਾ ਕਰਮ ਹੋਵੇ, ਉਸ ਕਿਰਿਆ ਨੂੰ ਕੀ ਕਹਿੰਦੇ ਹਨ?

8. ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :

(ੳ) ਇੱਕੋ ਤੱਕੜੀ ਦੇ ਵੱਟੇ ਹੋਣਾ (ਅ) ਸਿਰੋ ਨੰਗਾ ਹੋਣਾ (ੲ) ਹੱਥੀ ਛਾਵਾਂ ਕਰਨੀਆਂ (2×1=2)

## ਭਾਗ - ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ। (8)

**(ੳ) ਕਿਰਤ ਦੀ ਮਹਾਨਤਾ**

ਨੁਕਤੇ : ਅਰਥ, ਗੁਰਬਾਣੀ ਵਿੱਚ ਕਿਰਤ ਦੀ ਮਹਾਨਤਾ, ਵਿਹਲੜ ਤੇ ਭ੍ਰਿਸ਼ਟ, ਕਿਰਤੀ ਦੇ ਗੁਣ, ਦੇਸ਼ਾਂ ਦੇ ਮਹਾਨ ਬਣਨ ਦਾ ਰਾਜ਼, ਸਿੱਟਾ।

**(ਅ) ਨਾਨਕ ਦੁਖੀਆ ਸਭੁ ਸੰਸਾਰੁ**

ਨੁਕਤੇ : ਤੁਕ ਦਾ ਅਰਥ, ਸੰਸਾਰ ਵਿੱਚ ਸਾਰੇ ਦੁਖੀ ਹਨ, ਦੁੱਖਾਂ ਦਾ ਮੂਲ ਕਾਰਨ, ਦੁੱਖ-ਸੁੱਖ ਜੀਵਨ ਦਾ ਹਿੱਸਾ ਹਨ, ਦੁੱਖ ਦਾਰੂ ਹੈ, ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ, ਸਿੱਟਾ।

**(ੲ) ਆਨ-ਲਾਈਨ ਖਰੀਦਦਾਰੀ**

ਨੁਕਤੇ : ਜਾਣ-ਪਛਾਣ, ਵੱਖ-ਵੱਖ ਕੰਪਨੀਆਂ, ਆਨ-ਲਾਈਨ ਖਰੀਦਦਾਰੀ, ਆਨ-ਲਾਈਨ ਖਰੀਦਦਾਰੀ ਦੇ ਲਾਭ, ਆਨ-ਲਾਈਨ ਖਰੀਦਦਾਰੀ ਦੇ ਨੁਕਸਾਨ, ਸਮਾਨ ਵਾਪਸ ਕਰਨ ਦੀ ਸਹੂਲਤ, ਸਿੱਟਾ।

10. ਹੇਠ ਲਿਖੇ ਨੁਕਤਿਆਂ ਦੇ ਅਧਾਰ 'ਤੇ ਕੋਈ ਇੱਕ ਪੱਤਰ ਲਿਖੋ : (6)

(ੳ) ਤੁਹਾਡਾ ਦੋਸਤ ਹਰ ਵਕਤ ਮੋਬਾਈਲ ਫ਼ੋਨ ਤੇ ਹੀ ਲੱਗਾ ਰਹਿੰਦਾ ਹੈ। ਉਸ ਨੂੰ ਇਸ ਤੋਂ ਵਰਜਦੇ ਹੋਏ ਸਮਝਾਉਣ ਲਈ ਇੱਕ ਪੱਤਰ ਲਿਖੋ।


ਨੁਕਤੇ : ਕੀਮਤੀ ਵਕਤ....ਪੜ੍ਹਾਈ ਤੇ ਸਿਹਤ....ਮੋਬਾਈਲ ਫੋਨ.....ਮਦਦ ਲਈ.....ਮੋਬਾਈਲ ਦੀ ਵਧੇਰੇ ਵਰਤੋਂ....ਸਿਹਤ ਅਤੇ ਸੋਚ ਤੇ ਮਾੜਾ ਪ੍ਰਭਾਵ......ਉਜਵਲ ਭਵਿੱਖ....ਦੁਰਵਰਤੋਂ.....ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ.....।

ਜਾਂ

(ਅ) ਤੁਹਾਡੀ ਨੌਵੀਂ ਜਮਾਤ ਤਾਜ ਮਹਲ ਦੀ ਵਿੱਦਿਅਕ ਯਾਤਰਾ ਤੇ ਜਾਣਾ ਚਾਹੁੰਦੀ ਹੈ। ਇਸ ਸੰਬੰਧੀ ਆਪਣੇ ਸਕੂਲ ਦੇ ਪ੍ਰਿੰਸੀਪਲ ਜੀ ਤੋਂ ਆਗਿਆ ਲੈਣ ਲਈ ਬਿਨੈ-ਪੱਤਰ ਲਿਖੋ।

ਨੁਕਤੇ : ਵਿੱਦਿਅਕ ਯਾਤਰਾ ਲਈ ਬੇਨਤੀ......ਤਾਜ ਮਹਲ ਵੇਖਣ ਦਾ ਵਿਚਾਰ......ਮੰਤਵ......ਯਾਤਰਾ ਲਈ ਇੰਚਾਰਜ ਅਧਿਆਪਕਾਂ ਦੀ ਲੋੜ......ਬੱਸ ਦਾ ਪ੍ਰਬੰਧ.....ਖਰਚਾ ਆਦਿ।

11. ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)



ਭਾਗ - ਸ (ਪਾਠ ਪੁਸਤਕਾਂ ਤੇ ਅਧਾਰਿਤ)

12. ਕਹਾਣੀ ਤੇ ਵਾਰਤਕ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) : (5×1=5)

(ੳ) ਕਿਸ ਦੀ ਸਿਫ਼ਾਰਸ਼ ਨਾਲ ਜੋਤੀ ਦਾ ਨਾਂ ਬਦਲ ਦਿੱਤਾ ਗਿਆ ਸੀ ?

1) ਚੇਅਰਮੈਨ ਦੀ 2) ਪ੍ਰਿੰਸੀਪਲ ਦੀ 3) ਲਖਪਤ ਰਾਏ ਦੀ 4) ਮੰਤਰੀ ਦੀ

(ਅ) ਕਪੂਰ ਸਿੰਘ ਨੇ ਦਰਬਾਰੇ ਨੂੰ ਕਿੰਨੇ ਪੈਸੇ ਦਿੱਤੇ ?

1) ਪੰਜ 2) ਪੰਜਾਹ 3) ਸੌ 4) ਦਸ

(ੲ) ਬੇਬੇ ਦੀ ਉਮਰ ਕਿੰਨੀ ਹੋ ਗਈ ਸੀ ?

1) ਪੰਜਾਹ ਸਾਲ 2) ਤੀਹ ਸਾਲ 3)ਸੱਠ ਸਾਲ 4) ਨੱਬੇ ਤੋਂ ਉੱਤੇ

(ਸ) ਬੱਸ ਕੰਡਕਟਰ ਦੀ ਭੈਣ ਦਾ ਕੀ ਨਾਂ ਸੀ ?

1) ਜੀਤ2) ਅਮਰਜੀਤ 3) ਪਾਲੀ 4) ਸੁਰਜੀਤ

(ਹ) ਖੁਸ਼ੀਆਂ ਲਿਆਉਣ ਲਈ ਕੀ ਕਰਨਾ ਪੈਂਦਾ ਹੈ ?

1) ਕਸਰਤ 2) ਖਾਣਾ-ਪੀਣਾ 3) ਪੜ੍ਹਾਈ 4) ਯਤਨ

(ਕ) ਭੁੱਖ ਰਹਿਣ ਦਾ ਵਹਿਮ ਤਾਏ ਨੂੰ ਕਿੰਨੇ ਚਿਰ ਮਗਰੋਂ ਲੱਥਾ ?

1) ਦੋ ਸਾਲ ਬਾਅਦ 2) ਪੰਜ ਸਾਲ ਬਾਅਦ 3) ਦੋ ਦਿਨਾਂ ਬਾਅਦ 4) ਸਾਲ ਬਾਅਦ

B-4

13. ਕਵਿਤਾ ਤੇ ਇਕਾਂਗੀ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) : (5×1=5)

(ੳ) ਮੇਲੇ ਵਿੱਚ ਕਿਹੋ ਜਿਹੇ ਗਹਿਣਿਆਂ ਦੀ ਮੰਡੀ ਲੱਗੀ ਹੋਈ ਹੈ ?

1) ਬਣਾਉਟੀ 2) ਅਸਲੀ 3) ਸੋਨੇ ਦੇ 4) ਚਾਂਦੀ ਦੇ

(ਅ) ਫੀਰੋਜ਼ਦੀਨ ਸ਼ਰਫ ਦੀ ਕਵਿਤਾ ਮੈ ਪੰਜਾਬੀ ਵਿੱਚ ਕਿਹੜੇ ਪੰਜਾਬੀ ਸੂਫ਼ੀ ਕਵੀ ਦਾ ਜ਼ਿਕਰ ਆਇਆ ਹੈ।

1) ਕਾਦਰਯਾਰ 2) ਦਮੋਦਰ 3) ਨੰਦ ਲਾਲ 4) ਬੁੱਲ੍ਹੇ ਸ਼ਾਹ

(ੲ) ਬੀਜੀ ਕਿੰਨੇ ਕਿੱਲੇ ਪੈਲੀ ਦੀ ਮਾਲਕਣ ਹੈ ?

1) ਪੰਜਾਹ 2) ਚਾਲੀ 3) ਸੱਠ 4) ਪੰਜ

(ਸ) ਗੱਭਰੂਆਂ ਦੇ ਢਿੱਡ ਵਿੱਚ ਕਿਹੜੀ ਦਾਲ ਨਹੀਂ ਗਲਦੀ ?

1) ਛੋਲਿਆਂ ਦੀ 2) ਮੋਠਾਂ ਦੀ 3) ਮਾਂਹ ਦੀ 4) ਮੂੰਗੀ ਦੀ

(ਹ) ਦਾਦੀ ਪੋਤਰਿਆਂ (ਛੋਟੇ ਸਾਹਿਬਜ਼ਾਦਿਆਂ) ਲਈ ਕਿਹੜਾ ਤਿਉਹਾਰ ਮਨਾਉਣਾ ਚਾਹੁੰਦੀ ਸੀ ?

1) ਦਿਵਾਲੀ 2) ਲੋਹੜੀ 3) ਹੋਲੀ 4) ਵਿਸਾਖੀ

(ਕ) ਹਰੀ ਚੰਦ ਦਾ ਲੜਕਾ ਕਿਸ਼ੋਰ ਕਿਹੋ ਜਿਹੇ ਖਿਆਲਾਂ ਦਾ ਧਾਰਨੀ ਸੀ ?

1) ਅਗਾਂਹ-ਵਧੂ 2) ਪਿਛਾਂਹ-ਖਿੱਚੂ 3) ਦੇਸ਼ ਭਗਤ 4) ਬਦਮਾਸ਼

14. ਕਹਾਣੀ ਤੇ ਵਾਰਤਕ ਵਿੱਚੋਂ ਇੱਕ ਸਤਰ ਵਾਲੇ ਪ੍ਰਸ਼ਨ (ਕੋਈ ਚਾਰ ਕਰੋ) : (4×1=4)

(ੳ) ਦਰਬਾਰਾ ਸਿੰਘ ਕਿਹੜੀ ਬਿਮਾਰੀ ਨਾਲ ਬਿਮਾਰ ਪਿਆ ਸੀ ?

(ਅ) ਪਾਲੀ ਦੀ ਤਨਖਾਹ ਕਿੰਨੀ ਸੀ ?

(ੲ)'ਮੁੜ ਵੇਖਿਆ ਪਿੰਡ'ਲੇਖ ਵਿੱਚ ਲੇਖਕ ਦੇ ਤਾਈ ਜੀ ਕਿਹੜੇ ਦਰਿਆ ਵਿੱਚ ਇਸ਼ਨਾਨ ਕਰਨ ਜਾਂਦੇ ਸਨ ?

(ਸ)'ਖੁਸ਼ੀਆਂ ਆਪੇ ਨਹੀਂ ਆਉਂਦੀਆਂ'ਲੇਖ ਕਿਸ ਦੀ ਰਚਨਾ ਹੈ ?

(ਹ) ਗੱਲਾਂ ਕਰਦਿਆਂ ਸਹਿਜ ਸੁਭਾਅ ਹੀ ਬੇਬੇ ਦੇ ਮੂੰਹੋ ਕਿਹੋ ਜਿਹੇ ਅਲੰਕਾਰ ਨਿਕਲਦੇ ਸਨ ?

15. ਕਹਾਣੀ,ਵਾਰਤਕ ਤੇ ਇਕਾਂਗੀ ਵਿੱਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ: (7×2=14)

(ੳ) ਜੁਗਲ ਪ੍ਰਸਾਦ ਦੀ ਘੱਟ ਆਮਦਨ ਹੁੰਦਿਆਂ ਉਸ ਦੀ ਪਤਨੀ ਘਰ ਦਾ ਗੁਜ਼ਾਰਾ ਕਿਵੇਂ ਤੋਰਦੀ ਹੈ ?

(ਅ) ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ ?

(ੲ) ਲੇਡੀ ਡਾਕਟਰ ਪਾਲੀ ਨੂੰ ਨਾਭੇ ਤੋਂ ਪਟਿਆਲੇ ਕਿਉਂ ਜਾਣਾ ਪੈਂਦਾ ਸੀ ?

(ਸ) ਕਿਸ਼ੋਰ ਜਦੋਂ ਸਾਧੂਆਂ ਨੂੰ ਘਰ ਵਿੱਚ ਵੇਖਦਾ ਹੈ ਤਾਂ ਕੀ ਕਹਿੰਦਾ ਹੈ ?

(ਹ) ਬੀਜੀ ਕਿੰਨੀ ਕੁ ਜਾਇਦਾਦ ਦੀ ਮਾਲਕਣ ਹੈ ਤੇ ਉਹ ਕੀ ਚਾਹੁੰਦੀ ਹੈ ?

(ਕ) ਕਿਹੜੀਆਂ ਬੁਰੀਆਂ ਆਦਤਾਂ ਛੱਡਣ ਨਾਲ ਖੁਸ਼ੀ ਮਿਲਦੀ ਹੈ ?

(ਖ) ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ ?

(ਗ) ਲੇਖਕ ਦੇ ਪਰਿਵਾਰ ਦੀ ਮਾਲੀ ਹਾਲਤ ਕਿਹੋ-ਜਿਹੀ ਸੀ ਤੇ ਉਸਦੀ ਮਦਦ ਕੌਣ ਕਰਦਾ ਸੀ ?

16. ਕਵਿਤਾ ਤੇ ਵਾਰਤਕ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ: (4×2=8)

(ੳ) 'ਮੈਂ ਪੰਜਾਬੀ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਕਵੀ ਪੁਰਾਣੀ ਤਹਿਜ਼ੀਬ ਅਤੇ ਨਵੀਂ ਤਹਿਜ਼ੀਬ ਬਾਰੇ ਕੀ-ਕੀ ਗੱਲਾਂ ਕਰਦਾ ਹੈ ?

(ਅ) ਵਹਿਮੀ ਤਾਇਆ ਲੇਖ ਵਿੱਚ ਤਾਇਆ ਮਨਸਾ ਰਾਮ ਦੇ ਕੁਝ ਦਿਲਚਸਪ ਵਹਿਮਾਂ ਦਾ ਜ਼ਿਕਰ ਸੰਖੇਪ ਵਿੱਚ ਕਰੋ।

ਜਾਂ

ਔਖਾ ਕੰਮ ਨੇਪਰੇ ਚਾੜ੍ਹਨ ਲਈ ਬੇਬੇ ਪੁੱਤਰਾਂ ਨੂੰ ਕੀ ਸੰਦੇਸ਼ ਦਿੰਦੀ ਹੈ ?

17. ਇਕਾਂਗੀ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ: (4×1=4)

(ੳ) ਸਿਰਜਣਾ ਇਕਾਂਗੀ ਵਿੱਚੋਂ 'ਸਿਰਜਣਾ' ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਮਦਨ ਲਾਲ ਕਿਸ ਰੂਪ ਵਿੱਚ ਰਾਮ ਪਿਆਰੀ ਦੇ ਘਰ ਆਉਂਦਾ ਹੈ ਤੇ ਉਸ ਨੂੰ ਆਪਣੇ ਬਾਰੇ ਕੀ ਦੱਸਦਾ ਹੈ ?